2- Dec-page 8.qxd 12/2/2009 10:03 PM Page 1

ਉਮਰ ਦੇ 40-42 ਸਾਲ ਸੰਗੀਤ ਜਗਤ ਦੇ ਲੇਖੇ ਲਾ ਚੁੱਕਿਆ ਮੁਹੰਮਦ ਸਦੀਕ

ਸੰਗੀਤ ਪ੍ਰੇਮੀਆਂ ਲਈ ਦੋਗਾਣਾ ਗਾਇਕੀ ਦੇ ਬੇਤਾਜ ਬਾਦਸ਼ਾਹ ਜਨਾਬ ਮੁਹੰਮਦ ਸਦੀਕ ਦਾ ਨਾਂ ਕੋਈ ਰਸਮੀ ਜਾਣ ਪਛਾਣ ਦਾ ਮੁਥਾਜ ਨਹੀਂ। ਆਪਣੀ ਉਮਰ ਦੇ 40-42 ਸਾਲ ਸੰਗੀਤ ਜਗਤ ਦੇ ਲੇਖੇ ਲਾ ਚੁੱਕਿਆ ਮੁਹੰਮਦ ਸਦੀਕ ਅੱਜ ਵੀ ਆਪਣੇ ਮੁਕਾਮ ਨੂੰ ਹੋਰ ਉਚਾਈਆਂ ਤੇ ਲੈ ਜਾਣ ਲਈ ਸਰਗਰਮ ਹੈ। ਉਸਦਾ ਮੰਨਣਾ ਹੈ ਕਿ 'ਭਾਵੇਂ ਮੈਨੂੰ ਗਾਇਕੀ ਖੇਤਰ 'ਚ ਬੇਪਨਾਹ ਪਿਆਰ ਮੁਹੱਬਤ ਮਿਲੀ ਹੈ ਮੈਂ ਸਰੋਤਿਆਂ ਵੱਲੋਂ ਮਿਲੇ ਪਿਆਰ ਤੋਂ ਸੰਤੁਸ਼ਟ ਹਾਂ, ਪਰ ਕਲਾ ਦੇ ਖੇਤਰ 'ਚ ਮੈਂ ਹੋਰ ਅੱਗੇ ਜਾਣਾ ਹੈ। ਜ਼ਿੰਦਗੀ ਚੱਲਦੇ ਰਹਿਣ ਦਾ ਨਾਂ ਹੈ, ਖੜੋ ਜਾਣਾ ਮੈਨੂੰ ਪਸੰਦ ਨਹੀ।'

ਲੁਧਿਆਣਾ ਜ਼ਿਲ੍ਹੇ ਦੇ ਦੋਰਾਹੇ ਕਸਬੇ ਨੇੜਲੇ ਪਿੰਡ ਰਾਮਪੁਰ 'ਚ ਮਾਤਾ ਪ੍ਰਸਿੰਨੀ ਪਿਤਾ ਸਵ. ਵਲੈਤ ਅਲੀ ਦੇ ਘਰ 1924 'ਚ ਜਨਮੇ ਸਦੀਕ ਲਈ ਜ਼ਿੰਦਗੀ ਬੜੀ ਝਮੇਲਿਆਂ ਭਰੀ ਰਹੀ। ਉਨ੍ਹਾਂ ਮੁਤਾਬਕ, "ਉਦੋਂ ਮੈਂ ਪੰਜ ਕੁ ਸਾਲ ਦਾ ਸੀ ਜਦ 1947 ਦੀ ਵੰਡ ਸਮੇਂ ਹੋਰਨਾਂ ਭਾਈਚਾਰੇ ਦੇ ਲੋਕਾਂ ਨਾਲ ਸਾਨੂੰ ਵੀ ਪਾਕਿਸਤਾਨ ਜਾਣਾ ਪੈਣਾ ਸੀ। ਸੋਂ ਅਸੀਂ ਵੀ ਪਰਿਵਾਰ ਸਮੇਤ ਮਲੇਰਕੋਟਲਾ ਰੇਲਵੇ ਸਟੇਸ਼ਨ ਤੇ ਆ ਗਏ, ਜਿੱਥੋਂ ਸਾਡਾ ਅੰਮ੍ਰਿਤਸਰ ਤੋਂ ਲਾਹੌਰ ਜਾਣ ਦਾ ਪ੍ਰੋਗਰਾਮ ਸੀ, ਪਰ ਸਬੱਬੀ ਲੇਟ ਹੋਣ ਕਾਰਨ ਸਾਡੀ ਗੱਡੀ ਜਾ ਚੁੱਕੀ ਸੀ। ਕੋਟਲੇ ਨੇੜਲੇ ਪਿੰਡ ਕੁੱਪ ਬੀਬੀ ਦੇ ਨਾਨਕੇ ਸੀ। ਸਿਆਣੇ ਬੰਦਿਆਂ ਦੀ ਰਾਏ ਮੰਨਕੇ ਅਸੀਂ ਇੱਥੇ ਆ ਗਏ। ਫ਼ਿਰ ਹਾਲਾਤ ਸੁਖਾਵੇਂ ਹੁੰਦੇ ਗਏ ਤੇ ਅਸੀਂ ਪੱਕੇ ਤੌਰ 'ਤੇ ਇੱਥੇ ਹੀ ਰਹਿਣ ਲੱਗ ਪਏ। ਸਦੀਕ ਸਾਹਿਬ ਦੱਸਦੇ ਹਨ ਕਿ ਮੈਂ ਉਦੋਂ ਹਾਲੇ ਨਿਆਣਾ ਹੀ ਸੀ ਜਦ ਇੱਕ ਵਾਰ ਪੈਪਸੂ ਦੇ ਮੰਤਰੀ ਬ੍ਰਿਜ ਭਾਨ ਜੀ ਕੁੱਪ ਵਿਖੇ ਆਏ। ਮੈਨੂੰ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੀ ਸਟੇਜ ਤੇ ਧੱਕਾ ਜ਼ੋਰੀ ਇੱਕ ਗੀਤ ਗਾਉਣ ਲਈ ਸਟੇਜ 'ਤੇ ਚੜ੍ਹਾ ਦਿੱਤਾ। ਫ਼ਿਰ ਮੈਂ ਸਵ. ਮੁਹੰਮਦ ਰਫ਼ੀ ਸਾਹਿਬ ਦਾ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' ਗਾਇਆ ਤਾਂ ਬਾਬੂ ਜੀ ਇੰਨਾ ਖੁਸ਼ ਹੋਇਆ ਕਿ ਉਨ੍ਹਾਂ ਮੈਨੂੰ ਬੁੱਕਲ 'ਚ ਲੈ ਕੇ ਪਿਆਰ ਦਿੱਤਾ ਤੇ 100 ਰੁਪਏ ਦਾ ਇਨਾਮ ਦਿੱਤਾ। ਇਸ ਤੋਂ ਬਾਅਦ ਮੇਰੇ ਅੰਦਰਲੀ ਗਾਇਨ ਕਲਾ ਨੂੰ ਵੇਖਦਿਆਂ ਮੈਨੂੰ ਪਿਤਾ ਜੀ ਨੇ ਸਵ. ਉਸਤਾਦ ਜਨਾਬ ਬਾਕਿਰ ਹੁਸੈਨ ਜੀ ਕੋਲ ਸੰਗੀਤ ਦੀ ਤਾਲੀਮ ਲੈਣ ਪਾ ਦਿੱਤਾ। ਮੇਰੀ ਪਹਿਲੀ ਰਿਕਾਰਡਿੰਗ ਸਬੰਧੀ ਸਦੀਕ ਸਾਹਿਬ ਕਹਿੰਦੇ ਹਨ ਕਿ ਮੇਰੀ ਪਹਿਲੀ ਰਿਕਾਰਡਿੰਗ 1962 'ਚ ਹੋਈ। ਮੇਰਾ ਇਹ ਐਲ.ਪੀ. ਰਿਕਾਰਡ ਸੀ ਪਰ ਇਸ ਰਿਕਾਰਡਿੰਗ ਦੇ ਦੌਰਾਨ ਕੰਪਨੀ ਦੇ ਮੈਨੇਜਰ ਸਾਹਿਬ ਨੇ ਮੇਰੀ ਪ੍ਰਤਿਭਾ ਦੇਖਦਿਆਂ ਮੇਰੇ ਨਾਲ ਨਰਿੰਦਰ ਬੀਬਾ, ਸੁਰਿੰਦਰ ਕੌਰ ਤੇ ਸਵਰਨ ਲਤਾ ਨੂੰ ਰਿਕਾਰਡ ਕੀਤਾ। ਗੀਤ ਦੇਵ ਥਰੀਕੇ ਵਾਲੇ ਦੇ ਸਨ। ਗੀਤਾਂ ਦੇ ਬੋਲ ਸਨ,"ਆਹ ਲੈ ਲੌਂਗ ਨੀ ਬਿਸਨੀਏ ਤੇਰਾ, ਨਰਮੇ 'ਚੋਂ ਸਾਨੂੰ ਲੱਭਿਆ।" ਫ਼ਿਰ ਕੋਈ 1967 ਕੁ ਦੇ ਦਿਨਾਂ ਦੀ ਗੱਲ ਹੈ। ਸਾਡਾ ਪਹਿਲਾ ਰਿਕਾਰਡ (ਸਦੀਕ+ਰਣਜੀਤ ਕੌਰ) ਮੈਨੂੰ ਚਾਂਦੀ ਦੀਆਂ ਝਾਜਰਾਂ ਘੜਵਾਂਦੇ ਹਾਣੀਆ" ਜੋ ਕਿ ਹਿੱਟ ਹੋਇਆ। ਉਸ ਤੋਂ ਬਾਅਦ ਪ੍ਰਮਾਤਮਾ ਦੀ ਕ੍ਰਿਪਾ ਨਾਲ ਅਸੀਂ ਕਦੇ ਮੁੜ ਕੇ ਪਿੱਛੇ ਨਹੀਂ ਦੇਖਿਆ। 1967 ਤੋਂ ਲੈ ਕੇ 2001 ਤੱਕ ਅਸੀਂ ਪੂਰੇ 35-36 ਸਾਲ ਇਕੱਠਿਆਂ ਨੇ ਗਾਇਆ। ਸਾਡੇ ਹਰ ਐਲ.ਪੀ. ਰਿਕਾਰਡ ਸਮੇਤ ਆਡੀਓ ਵੀਡੀਓ ਟੇਪਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਰਣਜੀਤ ਕੌਰ ਨਾਲ ਹੋਈ ਤੋੜ ਤੁੜਾਈ ਬਾਰੇ ਪੁੱਛੇ ਜਾਣ 'ਤੇ ਉਹ ਥੋੜ੍ਹਾ ਗੰਭੀਰ ਹੋ ਕੇ ਬੋਲਦੇ ਹਨ, ਰਣਜੀਤ ਕੌਰ ਵਰਗੀ ਆਵਾਜ਼, ਸਟੇਜ਼ ਪ੍ਰਸੈਨਲਟੀ ਅਤੇ 35 ਸਾਲ ਦੇ ਲੰਬੇ ਗਾਇਨ ਕਲਾ ਦੇ ਤਜ਼ਰਬੇ ਨੂੰ ਕੋਈ ਵੀ ਅੱਖੋਂ ਪਰੋਖੇ ਨਹੀਂ ਕਰ ਸਕਦਾ। ਜੇਕਰ ਮੈਂ ਕਰਾਂ ਤਾਂ ਮੈਂ ਰੱਬ ਦਾ ਗੁਨਾਹਗਾਰ ਹੋਵਾਂਗਾ। ਰਣਜੀਤ ਜੀ ਦੀ ਅਲਹਿਦਗੀ, ਦੂਰੀ ਨੂੰ ਸ਼ਬਦਾਂ ਵਿੱਚ ਬੋਲਕੇ ਨੀਂ ਦੱਸਿਆ ਜਾ ਸਕਦਾ। ਅਸੀਂ 36 ਸਾਲ ਦੇ ਕਰੀਬ ਇਕੱਠਿਆਂ ਕੰਮ ਕੀਤਾ। ਜੇਕਰ 40 ਕੁ ਵਰ੍ਹੇ ਤੱਕ ਗਾਉਂਦੇ ਰਹਿੰਦੇ ਤਾਂ ਹੋ ਸਕਦਾ ਸਾਡਾ ਨਾਂ ਗਿੰਨੀਜ ਬੁਕ 'ਚ ਦਰਜ ਹੋ ਜਾਂਦਾ।

ਰਣਜੀਤ ਕੌਰ ਨਾਲ ਮੇਰੀ ਜੋੜੀ ਟੁੱਟਣ ਬਾਰੇ ਭਾਵੇਂ ਕੋਈ ਕੁਝ ਕਹੇ। ਮੈਂ ਬੀਬਾ ਰਣਜੀਤ ਜੀ ਦੀ ਆਵਾਜ਼ ਠੀਕ ਹੋਣ ਲਈ 1988 ਤੋਂ ਲੈ ਕੇ 2000 ਤੱਕ ਕੋਈ ਟੇਪ ਜਾਂ ਰਿਕਾਰਡਿੰਗ ਨਹੀਂ ਕਰਵਾਈ। ਦੂਸਰੀ ਗੱਲ ਜੋੜੀਆਂ ਬਣਨੀਆਂ, ਪ੍ਰਵਾਨ ਚੜ੍ਹਨੀਆਂ ਤੇ ਅਖ਼ੀਰ ਟੁੱਟ ਜਾਣੀਆਂ ਸਭ ਕੁਝ ਕੁਦਰਤ ਦੇ ਨਿਯਮ ਹਨ। ਉਸ ਵਿੱਚ ਅਸੀਂ ਤੁਸੀਂ ਕੁਝ ਨਹੀਂ ਕਰ ਸਕਦੇ, ਸਿਵਾਏ ਕੋਸ਼ਿਸ਼ਾਂ ਦੇ। ਪੰਜਾਬੀ ਫ਼ਿਲਮਾਂ ਦੇ ਸੁਪਰਹਿੱਟ ਅਦਾਕਾਰ ਸਵ. ਵਰਿੰਦਰ ਜੀ ਅੱਜ ਸਾਡੇ ਵਿਚਕਾਰ ਨਹੀਂ ਰਹੇ। ਲੇਕਿਨ ਉਨ੍ਹਾਂ ਦੀ ਜ਼ੁਬਾਨੀ ਉਨ੍ਹਾਂ ਦੀ ਫ਼ਿਲਮ ਸਰਪੰਚ ਵਿੱਚ ਮੇਰੀ ਆਵਾਜ਼ 'ਚ ਗੀਤ, "ਨਹੀਉਂ ਭੁੱਲਣਾ ਵਿਛੋੜਾ ਤੇਰਾ...' ਇਸ ਫ਼ਿਲਮ ਦੀ ਸਫ਼ਲਤਾ ਪਿੱਛੇ ਉਨ੍ਹਾਂ ਇਸ ਗੀਤ ਦਾ 60% ਰੋਲ ਮੰਨਿਆ ਹੈ। ਜੇਕਰ ਤੁਸੀਂ ਮਨਪਸੰਦ ਗੀਤਾਂ ਦੀ ਗੱਲ ਕਰੋ ਤਾਂ ਸੌ ਦਾ ਨੋਟ, **ਕਦੇ ਮਿੱਤਰਾਂ ਦੀ ਖੰਘ ਵਿੱਚ**, ਨਿਉਂਕੇ ਚੱਕ ਪੱਠਿਆ, ਸੁੱਚਾ ਸੂਰਮਾ, ਹੱਥਾਂ ਨੂੰ ਮਹਿੰਦੀ.. ਸਮੇਤ ਫ਼ਿਲਮ 'ਚ ਟੱਪੇ, ਗੀਤ ਮੈਨੂੰ ਪਸੰਦ ਹਨ। ਪੰਜਾਬੀ ਫ਼ਿਲਮਾਂ ਬਾਰੇ ਪੁੱਛੇ ਜਾਣ ਤੇ ਸਦੀਕ ਸਾਹਿਬ ਦੱਸਦੇ ਹਨ ਕਿ ਸਾਡੀ ਗਾਇਕੀ ਪ੍ਰਵਾਨ ਚੜ੍ਹੇ ਜਾਣ ਤੇ ਸਾਨੂੰ ਕਿਸੇ ਮਿੱਤਰ ਨੇ ਰਾਏ ਦਿੱਤੀ ਕਿ ਤੁਸੀਂ ਕੋਈ ਪੰਜਾਬੀ ਫ਼ਿਲਮ ਬਣਾਓ। ਫ਼ਿਰ ਮੈਂ ਉਸ ਰਾਏ ਨੂੰ ਮੰਨਕੇ ਸਵ. ਵਰਿੰਦਰ ਜੀ ਨੂੰ ਮਿਲਿਆ। ਵਰਿੰਦਰ ਜੀ ਨੇ ਕਿਹਾ ਕਿ ਵਧੀਆ ਫ਼ਿਲਮ ਬਣਾਉਣ ਲਈ ਖਰਚ ਦੋ ਤਿੰਨ ਲੱਖ ਰੁਪਏ ਘੱਟੋ ਘੱਟ ਆਵੇਗਾ। ਫ਼ਿਰ ਸਾਡੀ ਪਹਿਲੀ ਫ਼ਿਲਮ 1977-78 'ਚ ਆਈ ਜਿਸਦਾ ਨਾਂ ਸੀ, 'ਸੈਦਾ ਜੋਗਣ'। ਮੈਂ ਆਪਣੇ ਪਰਮ ਮਿੱਤਰ ਬੂਟਾ ਸਿੰਘ ਸਾਦ ਦੀ ਫ਼ਿਲਮ 'ਕੁੱਲੀ ਯਾਰ ਦੀ' ਵਿੱਚ ਵੀ ਇੱਕ ਛੋਟਾ ਜਿਹਾ ਕਿਰਦਾਰ ਨਿਭਾਇਆ ਸੀ। ਫ਼ਿਰ 1982-93 'ਚ ਸਾਡੀ ਅਗਲੀ ਫ਼ਿਲਮ 'ਰਾਣੋ' ਆਈ ਜੋ ਕਿ ਪਹਿਲਾਂ ਦੀ ਤਰ੍ਹਾਂ ਸਫ਼ਲ ਰਹੀ। ਫ਼ਿਰ 1984 ਚ ਸਾਡੀ ਅਗਲੀ ਫ਼ਿਲਮ 'ਗੁੱਡੋ' ਆਈ। ਤੁਸੀਂ ਬੀਬੀ ਰਣਜੀਤ ਕੌਰ ਨਾਲ ਲੰਮਾ ਸਮਾਂ ਗਾਇਆ ਹੈ ਤੁਹਾਡੀ ਗਾਇਕੀ ਦਾ ਜਾਦੂ ਪੰਜਾਬ ਸਰੋਤਿਆਂ ਦੇ ਸਿਰ ਚੜ੍ਹਕੇ ਬੋਲਿਆ ਹੈ ਅੱਜ ਕੱਲ੍ਹ ਬੀਬੀ ਸੁਖਜੀਤ ਕੌਰ ਨਾਲ ਕਿਵੇਂ ਚੱਲ ਰਿਹਾ ਹੈ, ਦੇ ਸਬੰਧ 'ਚ ਉਨ੍ਹਾਂ ਦਾ ਕਹਿਣਾ ਹੈ ਕਿ ਸਾਡਾ ਸੈਟ ਠੀਕ ਚੱਲ ਰਿਹਾ ਹੈ। ਸੁੱਖੀ ਜੀ ਵੀ ਵਧੀਆ ਆਰਟਿਸਟ ਨੇ। ਸਾਡੀਆਂ ਡਿਊਟ ਟੇਪਾਂ

ਅਵਤਾਰ ਸਿੰਘ ਬੱਬੀ ਰਾਏਸਰ ਜ਼ਿਲ੍ਹਾ ਬਰਨਾਲਾ

ਢਾਡੀ ਭਾਈ ਗਿਆਨ ਸਿੰਘ 'ਰਾਹੀ' ਯੂ.ਕੇ. ਵਾਲੇ

ਭਾਈ ਗਿਆਨ ਸਿੰਘ 'ਰਾਹੀ' ਦਾ ਜਨਮ 3 ਅਪ੍ਰੈਲ 1955 ਨੂੰ ਮਾਤਾ ਜੀਤ ਕੌਰ ਦੀ ਕੁੱਖੋਂ ਪਿਤਾ ਸ. ਮੰਗਤ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਟਾਂਡਾ ਕੁਸ਼ਲ ਸਿੰਘ ਵਿਖੇ ਹੋਇਆ। ਮੁੱਢਲੀ ਵਿੱਦਿਆ ਗੋਰਮਿੰਟ ਹਾਈ ਸਕੂਲ ਪੰਜ ਗਰਾਈਆਂ ਵਿੱਚ ਪ੍ਰਾਪਤ ਕੀਤੀ। ਸਕੂਲ ਵਿੱਚ ਹੀ ਗਾਉਣ ਦਾ ਸ਼ੌਕ ਪੈਦਾ ਹੋਇਆ। ਛੋਟੀ ਉਮਰ ਵਿੱਚ ਗੁ. ਚਰਨ ਕੰਵਲ ਸਾਹਿਬ ਵਿਖੇ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਤੇ ਧਾਰਮਿਕ ਗੀਤ 'ਸਾਨੂੰ ਸਿਰ ਨਾਲੋਂ ਸਿਦਕ ਪਿਆਰਾ ਹੈ।' ਗਾਇਆ ਅਤੇ ਸੰਗਤਾਂ ਵਲੋਂ ਬਹੁਤ ਮਾਣ ਮਿਲਿਆ। ਪਿੰਡ ਦੇ ਪਕੇਵਾਲੇ ਜਗਤ ਸਿੰਘ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਪਤ ਕੀਤੀ। ਗਿਆਨੀ ਦੇਵਿੰਦਰ ਸਿੰਘ ਪ੍ਰੇਮੀ ਹੈੱਡ ਗ੍ਰੰਥੀ ਮਾਛੀਵਾੜਾ ਨਾਲ ਜਥਾ ਬਣਾ ਕੇ ਧਰਮ ਪ੍ਰਚਾਰ ਕਰਨਾ ਸ਼ੁਰੂ ਕੀਤਾ। ਫ਼ਿਰ ਆਪਣਾ ਜੱਥਾ ਬਣਾਕੇ ਗਿ. ਬਲਵੀਰ ਸਿੰਘ, ਜੰਗ ਸਿੰਘ ਤੇ ਪਿਆਰਾ ਸਿੰਘ ਨਾਲ ਲੰਮਾ ਸਮਾਂ ਧਰਮ ਪ੍ਰਚਾਰ ਕੀਤਾ। ਇਸੇ ਤਰ੍ਹਾਂ ਗਿਆਨੀ ਦੀਵਾਨ ਸਿੰਘ ਪ੍ਰਵਾਨਾ, ਗਿ. ਗੁਰਬਚਨ ਸਿੰਘ ਕਾਲਸਾਂ ਸਾਰੰਗੀ ਮਾਸਟਰ ਦੇ ਨਾਲ 18 ਸਾਲ ਜਥਾ ਬਣਾ ਕੇ ਪੰਜਾਬ ਤੇ ਪੰਚਾਬ ਤੋਂ ਬਾਹਰ ਕਲਕੱਤਾ, ਮੁੰਬਈ ਤੇ ਕਈ ਹੋਰ ਸਟੇਟਾਂ ਵਿੱਚ ਕੀਰਤਨ ਰਾਹੀਂ ਸੇਵਾ ਕੀਤੀ। ਨਿਰੋਲ ਗੁਰਬਾਣੀ ਤੇ ਸਿੱਖੀ ਦਾ ਪ੍ਰਚਾਰ ਕੀਤਾ। ਸੰਨ 1996 ਨੂੰ ਪਹਿਲੀ ਵਾਰ ਅਮਰੀਕਾ ਦਾ ਵੀਜ਼ਾ ਲੈ ਕੇ ਧਾਰਮਿਕ ਟੂਰ ਆਰੰਭ ਕੀਤੇ। 1997 ਨੂੰ ਅਮਰੀਕਾ ਤੋਂ ਹੀ ਕੈਨੇਡਾ 'ਖ਼ਾਲਸਾ ਅਨਟਾਰੀਓ ਦਰਬਾਰ ਗੁਰੂ ਘਰ ਡਿਸਕੀ ਦੇ ਮਾਨਯੋਗ ਪ੍ਰਧਾਨ ਜਸਜੀਤ ਸਿੰਘ ਭੁੱਲਰ, ਸ. ਸੁਰਿੰਦਰ ਸਿੰਘ ਕੈਰੋਂ, ਛੇ ਟੂਰ ਯੂ.ਐੱਸ.ਏ. ਦੇ ਲਾਏ। ਇਸੇ ਤਰ੍ਹਾਂ ਗੁ. ਸਿੰਘ ਸਭਾ ਈਸਟ ਲੰਡਨ ਵਿਖੇ ਹਜ਼ੂਰੀ ਜਥੇ ਦੀ ਸੇਵਾ ਨਿਭਾਈ। ਭਾਈ ਰਾਹੀ ਸਿੰਘਾਪੁਰ, ਥਾਈਲੈਂਡ, ਹਾਂਗਕਾਂਗ, ਫਰਾਂਸ, ਇਟਲੀ ਤੇ ਸਵਿਟਜ਼ਰਲੈਂਡ ਦੇ ਵੀ ਟੂਰ ਲਾ ਚੁੱਕੇ ਹਨ। ਵਾਹਿਗੁਰੂ ਭਾਈ ਰਾਹੀਂ ਨੂੰ ਲੰਮਾ ਤੇ ਤੰਦਰੁਸਤ ਜੀਵਨ ਦੇਣ ਤਾਂ ਜੋ ਉਹ ਪੰਥ ਦੀ ਹੋਰ ਸੇਵਾ ਕਰਦੇ ਰਹਿਣ।

-ਕੇਵਲ ਸਿੰਘ ਕੱਦੋਂ ਮਾਛੀਵਾੜਾ

ਏਡਜ਼ ਦਿਵਸ 'ਤੇ ਲੋਕਾਂ ਨੂੰ ਜਾਗਰੂਕ ਕੀਤਾ

ਫਿਰੋਜ਼ਪੁਰ, 2 ਦਸੰਬਰ (ਜੀ.ਐੱਸ. ਕਾਲੜਾ)-ਫਿਰੋਜ਼ਪੁਰ ਦੇ ਸਿਵਲ ਸਰਜਨ ਵੱਲੋਂ ਏਡਜ਼ ਦਿਵਸ ਸੰਬੰਧੀ ਵੱਖ-ਵੱਖ ਥਾਵਾਂ ਤੇ ਜਾਣਕਾਰੀ ਹਿੱਤ ਸੈਮੀਨਾਰ ਲਾਏ ਗਏ, ਕੈਂਪ ਲਾਏ ਗਏ ਅਤੇ ਰੈਲੀ ਕੱਢੀ ਗਈ। ਇਸ ਸੰਬੰਧੀ ਇੱਕ ਸੈਮੀਨਾਰ ਸਿਵਲ ਹਸਪਤਾਲ ਫਿਰੋਜ਼ਪੁਰ ਸ਼ਹਿਰ ਵਿਖੇ ਸਿਵਲ ਸਰਜਨ ਡਾ. ਦਲੀਪ ਕੁਮਾਰ ਦੀ ਅਗਵਾਈ ਹੇਠ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਏਡਜ਼ ਦੀ ਬਿਮਾਰੀ ਮਨੁੱਖੀ ਜੀਵਨ ਲਈ ਦੁਨੀਆਂ ਵਿੱਚ ਪੈਦਾ ਹੋਏ ਬਹੁਤ ਵੱਡੇ-ਵੱਡੇ ਖਤਰਿਆਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਇਲਾਜ ਨਾਲੋਂ ਪ੍ਰਹੇਜ਼ ਜ਼ਰੂਰੀ ਹੈ। ਡਾ. ਜੀ.ਐੱਸ. ਢਿੱਲੋਂ ਨੇ ਏਡਜ਼ ਤੋਂ ਬਚਣ ਦੇ ਉਪਾਅ ਦੱਸੇ। ਡਾ. ਬਲਦੇਵ ਅਰੋੜਾ ਐੱਸ.ਐੱਮ.ਏ. ਨੇ ਕਿਹਾ ਕਿ ਇਲਾਜ ਨਾਲ ਏਡਜ਼ ਮਰੀਜ਼ ਦੀ ਜ਼ਿੰਦਗੀ 4, 5 ਸਾਲ ਵਧ ਸਕਦੀ ਹੈ। ਉਹ ਵੀ ਲਗਾਤਾਰ ਇਲਾਜ ਜਾਰੀ ਰੱਖਣ ਤੇ ਇਸ ਮੌਕੇ ਗੁਰੂ ਨਾਨਕ ਕਾਲਜ ਆਈ.ਟੀ.ਆਈ. ਦੀਆਂ ਵਿਦਿਆਰਥਣਾਂ ਅਤੇ ਅਧਿਆਪਕ, ਐੱਨ.ਜੀ. ਓਜ਼, ਐੱਮ.ਪੀ. ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ ਇਸ ਕੈਂਪ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ। ਡਰਾਈਵਰਾਂ, ਕੰਡਕਟਰਾਂ ਅਤੇ ਆਮ ਲੋਕਾਂ ਨੂੰ ਏਡਜ਼ ਦੀ ਨਾਮੁਰਾਦ ਬਿਮਾਰੀ ਬਾਰੇ ਜਾਗਰੂਕ ਕੀਤਾ। ਐੱਚ.ਆਈ. ਵੀ. ਟੈੱਸਟ ਅਤੇ ਕੌਂਸਲਿੰਗ ਕੀਤੀ ਗਈ। ਇਸੇ ਤਰ੍ਹਾਂ ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ (ਬੀ.ਐੱਡ.) ਫਿਰੋਜ਼ਪੁਰ ਸ਼ਹਿਰ ਵਿਖੇ ਵੀ ਕੈਂਪ ਲਗਾਇਆ ਗਿਆ। ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਵੀ ਜਾਣਕਾਰੀ ਦਿੱਤੀ ਗਈ ਅਤੇ ਵਧੀਆ ਪੋਸਟਰ (ਬੈਨਰ) ਲਿਖਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਵੀ ਦਿੱਤੇ ਗਏ।

ਮੰਗਲੀ ਨੀਚੀ ਸਕੂਲ ਵਿਖੇ ਕਿਸ਼ੋਰ ਸਿੱਖਿਆ ਸਬੰਧੀ ਸਮਾਗਮ ਕਰਵਾਇਆ

ਕੁਹਾੜਾ 2 ਦਸੰਬਰ (ਗੁਰਨਾਮ) ਜਿਲ੍ਹਾ ਸਿੱਖਿਆ ਦਫਤਰ ਲੁਧਿਆਣਾ ਦੀਆਂ ਹਦਾਇਤਾਂ ਅਨੁਸਾਰ ਬੀਤੇ ਦਿਨ ਸਰਕਾਰੀ ਸੀ: ਸਕੈਂਡਰੀ ਸਕੂਲ ਨੀਚੀ ਲੁਧਿਆਣਾ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਕਿਸ਼ੋਰ ਸਿਖਿਆ ਸਬੰਧੀ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਪਿੰਡ ਦੇ ਸਰਪੰਚ ਸ: ਮੇਜਰ ਸਿੰਘ ਅਤੇ ਪੰਚਾਇਤ ਮੈਂਬਰ ਹਾਜਰ ਹੋਏ। ਪੰਜਾਬ ਨੈਟਵਰਕਿੰਗ ਆਫ ਪਾਜਿਟਿਵ ਪੀਪਲ ਸੁਸਾਇਟੀ ਲੁਧਿਆਣਾ ਵਲੋਂ ਸ: ਜਗਜੀਤ ਸਿੰਘ ਮਾਨ ਚੇਅਰਮੈਨ ਅਤੇ ਸ: ਮੇਹਰ ਸਿੰਘ ਪ੍ਰਧਾਨ ਨੇ ਵਿਦਿਆਰਥੀਆਂ ਨੂੰ ਕਿਸ਼ੋਰ ਅਵਸਥਾ ਸਬੰਧੀ ਅਤੇ ਏਡਜ ਸਬੰਧੀ ਭਰਪੂਰ ਜਾਣਕਾਰੀ ਦਿੱਤੀ। ਵਿਦਿਆਰਥੀਆਂ ਦੇ ਲੇਖ ਤੇ ਚਿੱਤਰਾਂ ਸਬੰਧੀ ਮੁਕਾਬਲੇ ਵੀ ਕਰਵਾਏ ਗਏ ਪਹਿਲੇ, ਦੂਜੇ ਤੇ ਤੀਜੇ ਦਰਜੇ ਤੇ ਆਉਣ ਵਾਲੇ ਵਿਦਿਆਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਸਕੂਲ ਦੇ ਸਾਇੰਸ ਮਿਸਟਰੈਸ ਸ੍ਰੀਮਤੀ ਫਲੋਰੈਂਸ ਨੇ ਕਿਸ਼ੋਰ ਸਿਖਿਆ ਦੀਆਂ ਸਕੂਲ ਵਿੱਚ ਕਰਵਾਇਆ ਜਾਣ ਵਾਲੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਸਕੂਲ ਦੇ ਪ੍ਰਿਸੀਪਲ ਸ: ਸਕੰਦਰ ਸਿੰਘ ਕੁਹਾੜਾ ਨੇ ਆਏ ਮਹਿਮਾਨਾਂ ਦਾ ਧਨਵਾਦ ਕੀਤਾ ਅਤੇ ਕਿਸ਼ੋਰ ਸਬੰਧੀ ਵਿਚਾਰ ਸਾਂਝੇ ਕੀਤੇ। ਟ੍ਰੈਫਿਕ ਨਿਯਮਾਂ ਸਬੰਧੀ ਸਕੂਲੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।

ਪੰਜਾਬੀ ਫ਼ਿਲਮ ਕਰਕੇ ਖੁਸ਼ ਹਾਂ-ਸੰਜੇ ਮਿਸ਼ਰਾ

ਪਟਿਆਲੇ ਲਾਗਲੇ ਪਿੰਡ ਕੌਲੀ ਦੇ ਜਸਦੇਵ ਸਿੰਘ ਸੰਧੂ ਕਾਲਜ ਆਫ਼ ਐਜੂਕੇਸ਼ਨ ਵਿੱਚ ਆਪਣੀ ਪਹਿਲੀ ਪੰਜਾਬੀ ਫ਼ਿਲਮ 'ਮਰ ਜਾਵਾਂ ਗੁੜ ਖਾਕੇ' ਦੀ ਸ਼ੂਟਿੰਗ ਕਰਨ ਬਾਲੀਵੁੱਡ ਤੋਂ ਪੰਜਾਬ ਪਹੁੰਚੇ ਸੰਜੇ ਮਿਸ਼ਰਾ ਉੱਘੇ ਕਾਮੇਡੀਅਨ ਨੇ ਪਹਿਲੀ ਵਾਰ ਪੰਜਾਬੀ ਕਲਚਰ ਦਾ ਆਨੰਦ ਮਾਣਦਿਆਂ ਪੰਜਾਬ ਦੇ ਲੋਕਾਂ ਉਨ੍ਹਾਂ ਦੇ ਰਹਿਣ ਸਹਿਣ ਦੀ ਸਿਫ਼ਤ ਕਰਦਿਆਂ ਕਿਹਾ ਕਿ ਪੰਜਾਬ ਲੋਕ ਦਿਲਦਾਰ ਹਨ, ਪੰਜਾਬ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ, ਰੀਤੀ ਰਿਵਾਜ਼, ਵਿਆਹ ਸ਼ਾਦੀਆਂ ਅਤੇ ਗਿੱਧਾ ਭੰਗੜਾ ਉਸਨੂੰ ਬਹੁਤ ਚੰਗਾ ਲੱਗਾ ਹੈ। ਸ਼ੂਟਿੰਗ ਦੌਰਾਨ ਫੁਰਸਤ ਦੇ ਪਲਾਂ ਵਿੱਚ ਆਪਣੇ ਫ਼ਿਲਮ ਸਫ਼ਰ ਬਾਰੇ ਸੰਜੇ ਮਿਸ਼ਰਾ ਦੱਸਦਾ ਹੈ ਕਿ ਉਸ ਨੇ ਬਾਲੀਵੁੱਡ ਦੀਆਂ ਹਿੰਦੀ ਫ਼ਿਲਮਾਂ ਵਿੱਚ ਬਤੌਰ ਕਾਮੇਡੀਅਨ ਧਮਾਲ, ਗੋਲਮਾਲ, ਗੋਲਮਾਲ ਰਿਟਰਨ, ਬੰਟੀ ਔਰ ਬਬਲੀ, ਚਰਸ, ਮੇਰੀ ਪੜੋਸਨ, ਵੰਨ ਟੂ ਥਰੀ ਅਤੇ ਆਲ ਦ ਬੈਸਟ ਆਦਿ ਵਿੱਚ ਅਹਿਮ ਕਿਰਦਾਰ ਨਿਭਾ ਚੁੱਕਾ ਹੈ। ਜਨਵਰੀ, ਫ਼ਰਵਰੀ 2010 ਤੱਕ ਉਸਦੀ 'ਰਸਗੁੱਲਾ' ਫ਼ਿਲਮ ਰਿਲੀਜ਼ ਹੋਵੇਗੀ। ਇਸ ਫ਼ਿਲਮ ਵਿੱਚ ਹੀਰੋਇਨ ਸੋਨਲ ਸਿੰਘ (ਐਮ.ਟੀ.ਵੀ. ਰੋਡਿਜ਼ ਵਾਲੀ) ਹੈ' ਜਿਸਦੇ ਸਾਹਮਣੇ ਤਿੰਨ ਹੀਰੋ ਹਨ, ਜਿਸ ਵਿੱਚ ਮੇਰੇ ਕਿਰਦਾਰ ਦਾ ਨਾਮ ਰਾਜਕਪੂਰ ਹੈ। ਫ਼ਿਲਮ ਪੂਰੀ ਤਰ੍ਹਾਂ ਕਾਮੇਡੀ ਭਰਪੂਰ ਹੈ ਅਤੇ ਔਰਤ ਮਰਦ ਸਬੰਧਾਂ ਤੇ ਅਧਾਰਿਤ ਹੈ ਇਸ ਤੋਂ ਇਲਾਵਾ ਅਜੇ ਦੇਵਗਨ ਨਾਲ ਅਗਲੇ ਸਾਲ ਤੱਕ ਅਥਿਤੀ ਫ਼ਿਲਮ ਆ ਰਹੀ ਹੈ। ਸੰਜੇ ਮਿਸ਼ਰਾ ਜੋ 'ਮਰ ਜਾਵਾਂ ਗੁੜ ਖਾਕੇ' ਵਿੱਚ ਸਾਈਕਾਲੋਜੀ ਦੇ ਪ੍ਰੋਫੈਸਲ ਦਾ ਕਿਰਦਾਰ ਨਿਭਾ ਰਿਹਾ ਹੈ, ਅੱਜ ਦੀ ਸੀਨ ਮੁਤਾਬਿਕ ਸਿਰ ਉੱਪਰ ਪਗੜੀ ਸਜਾਈ ਦੱਸਦਾ ਹੈ ਕਿ ਬਾਲੀਵੁੱਡ ਵਿੱਚ 75 ਫ਼ੀਸਦੀ ਫ਼ਿਲਮਾਂ ਵਿੱਚ ਪੰਜਾਬੀ ਗੀਤ ਅਤੇ ਪੰਜਾਬੀ ਕਲਚਰ ਦਿਖਾਕੇ ਹਿੰਦੀ ਫ਼ਿਲਮਾਂ ਨੂੰ ਹਿੱਟ ਹੋਣ ਦੀ ਗਰੰਟੀ ਮੰਨਿਆ ਜਾਂਦਾ ਹੈ। ਬਾਲੀਵੁੱਡ ਦਾ ਹਰੇਕ ਮੰਨਿਆ, ਪ੍ਰਮੰਨਿਆ ਨਿਰਮਾਤਾ ਨਿਰਦੇਸ਼ਕ ਪੰਜਾਬ ਵਿੱਚ ਸ਼ੂਟਿੰਗ ਕਰਨ ਖਿੱਚਿਆ ਆਉਂਦਾ ਹੈ ਫੇਰ ਐਸੇ ਅਮੀਰ ਪੰਜਾਬੀ ਕਲਚਰ ਦੀ ਆਪਣੀ ਬੋਲੀ ਦੀਆਂ ਫ਼ਿਲਮਾਂ ਕਰਨਾ ਮੈਂ ਆਪਣਾ ਸੁਭਾਗ ਸਮਝਦਾ ਹਾਂ। ਇਸਲਈ ਉਸਦੇ ਦਿਲ ਵਿੱਚ ਇੱਕ ਸਿੱਖ ਕਿਰਦਾਰ ਨਿਭਾਉਣ ਦੀ ਖਵਾਹਿਸ਼ ਹੈ। ਐਸਾ ਸਿੱਖ ਕਿਰਦਾਰ ਜਿਵੇਂ ਰੋਟੀ ਕੱਪੜਾ ਅਤੇ ਮਕਾਨ ਫ਼ਿਲਮ ਵਿੱਚ ਪ੍ਰੇਮਨਾਥ ਨੇ ਨਿਭਾਇਆ ਸੀ। ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ ਅਤੇ ਚਾਟੀ ਦੀ ਲੱਸੀ ਦਾ ਉਸਨੇ ਪੰਜਾਬ ਆ ਕੇ ਖੂਬ ਆਨੰਦ ਮਾਣਿਆ ਹੈ। ਸੰਜੇ ਮਿਸ਼ਰਾ ਪੰਜਾਬੀਆਂ ਦੀ ਸਿਫ਼ਤ ਕਰਦਿਆਂ ਦੱਸਦਾ ਹੈ ਕਿ ਪੰਜਾਬੀ ਲੋਕ ਸਾਫ਼ ਅਤੇ ਸੱਚੇ ਦਿਲ ਵਾਲੇ ਹਰੇਕ ਨੂੰ ਪਰਿਵਾਰ ਕਰਨ ਵਾਲੇ ਲੋਕ ਹਨ ਸੰਜੇ ਦੱਸਦਾ ਹੈ ਕਿ 'ਮਰ ਜਾਵਾਂ ਗੁੜ ਖਾਕੇ' ਫ਼ਿਲਮ ਵਿੱਚ ਬਾਲੀਵੁੱਡ ਦੀ ਉੱਘੀ ਡਾਂਸ ਡਾਇਰੈਕਟਰ ਸਰੋਜ ਖਾਨ ਦੇ ਆਸ਼ੀਰਵਾਦ ਨਾਲ ਫ਼ਿਲਮ ਦੇ ਇੱਕ ਗੀਤ ਫਿਲਮਾਂਕਣ ਦੌਰਾਨ ਉਸਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ। ਇਸ ਫ਼ਿਲਮ ਵਿੱਚ ਉਹ ਇੱਕ ਸਾਈਕਾਲੋਜੀ ਦਾ ਪ੍ਰੋਫ਼ੈਸਰ ਹੈ ਜਿਸਦਾ ਪ੍ਰੋਫ਼ੈਸਰ ਉਪਾਸਨਾ ਸਿੰਘ ਨਾਲ ਚੱਕਰ ਚੱਲਦਾ ਹੈ ਹਰ ਮੋੜ ਤੇ ਫ਼ਿਲਮ ਵਿੱਚ ਕਾਮੇਡੀ ਨਿਕਲਦੀ ਹੈ। ਸੰਜੇ ਅੱਗੇ ਦੱਸਦਾ ਹੈ ਕਿ ਪੰਜਾਬੀ ਦੇ ਬਹੁਤ ਚੰਗੇ ਲੇਖ, ਗਾਇਕ, ਨਿਰਮਾਤਾ, ਨਿਰਦੇਸ਼ਕ ਨੇ ਬਾਲੀਵੁੱਡ ਵਿੱਚ ਵੀ ਆਪਣੀ ਧਾਕ ਜਮਾਈ ਹੈ। ਪੰਜਾਬ ਵਿੱਚ ਚੰਗੇ ਸਟਾਰ ਹਨ ਜੋ ਵਧੀਆ ਫ਼ਿਲਮਾਂ ਕਰ ਸਕਦੇ ਹਨ। ਉਹ ਅੱਗੇ ਤੋਂ ਵੀ ਪੰਜਾਬ ਫ਼ਿਲਮਾਂ ਕਰਨਾ ਚਾਹੇਗਾ। **-ਗੁਰਨੈਬ ਸਾਜਣ ਦਿਓਣ**

ਲੇਖਕ ਗੁਰਨੈਬ ਸਿੰਘ ਸਾਜਨ ਇੱਕ ਮੁਲਾਕਾਤ ਦੌਰਾਨ ਬਾਲੀਵੁੱਡ ਕਲਾਕਾਰ ਸੰਜੇ ਮਿਸ਼ਰਾ ਨਾਲ।

ਗੁਰੂ ਨਾਨਕ ਸ਼ੋਸ਼ਲ ਵੈੱਲਫੇਅਰ ਕਲੱਬ ਮਾਸਟਰ ਬੰਤ ਲਾਲ ਦੀ ਯਾਦ ਵਿੱਚ ਲਗਾਏ ਚੌਥੇ ਖੂਨਦਾਨ ਕੈਂਪ ਦੀਆਂ ਝਲਕੀਆਂ।

ਮਾਸਟਰ ਬੰਤ ਲਾਲ ਦੀ ਯਾਦ 'ਚ ਚੌਥਾ ਖੂਨਦਾਨ ਕੈਂਪ ਲਗਾਇਆ

ਔਰਤਾਂ ਖੂਨਦਾਨ ਕਰਨ 'ਚ ਮੋਹਰੀ

ਜੈਤੋ, 2 ਦਸੰਬਰ (ਸਤਵਿੰਦਰ ਪਾਲ)-ਸਰਬੱਤ ਦੇ ਭਲੇ ਲਈ ਸਮਾਜ ਸੇਵਾ ਵਿੱਚ ਜੈਤੋ ਖੇਤਰ ਦੀ ਮੋਹਰੀ ਸੰਸਥਾ ਵੱਲੋਂ ਗੁਰੂ ਸੋਸ਼ਲ ਵੈੱਲਫੇਅਰ ਕਲੱਬ ਰੋੜੀ ਕਪੂਰਾ ਵੱਲੋਂ ਸਵਰਗੀ ਮਾਸਟਰ ਬੰਤ ਲਾਲ ਜੀ ਯਾਦ ਵਿੱਚ ਚੌਥਾ ਸਾਲਾਨਾ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਦੇ ਮੁੱਖ ਮਹਿਮਾਨ ਸ੍. ਕੁਲਦੀਪ ਅਰੋੜਾ ਸੀਨੀਅਰ ਕਾਂਗਰਸੀ ਆਗੂ, ਸਾਬਕਾ ਮੈਂਬਰ ਮਾਰਕੀਟ ਕਮੇਟੀ ਜੈਤੋ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ੍ਰੀ ਤਰਸੇਮ ਸਿੰਘ ਜੀ ਨਰੂਲਾ ਸੈਕਟਰੀ ਮਨੁੱਖੀ ਅਧਿਕਾਰ ਕਮਿਸ਼ਨ ਮਾਲਵਾ ਜੋਨ, ਪਹੁੰਚੇ। ਇਸ ਖੂਨਦਾਨ ਕੈਂਪ ਮੈਡੀਕਲ ਕਾਲਜ ਟੀਮ ਇੰਚਾਰਜ ਫਰੀਦਕੋਟ ਡਾ. ਪਰਮਜੀਤ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਕੈਂਪ ਦੌਰਾਨ 70 ਦੇ ਲੱਗਭੱਗ ਖੂਨਦਾਨ ਕਰਨ ਵਾਲੇ ਡੋਨਰਾਂ ਵਿੱਚ ਔਰਤਾਂ ਨੇ ਵੱਧ ਚੜ੍ਹ ਕੇ ਖੂਨਦਾਨ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਨਰਿੰਦਰ ਗਾਬਾ, ਸਰਪ੍ਰਸਤ ਡਾ. ਜਲੰਧਰ ਸਿੰਘ ਯੂਥ ਅਕਾਲੀ ਆਗੂ ਹਰਵਿੰਦਰ ਗਿੱਲ, ਕੁਲਵਿੰਦਰ ਟੋਨੀ ਸੈਕਟਰੀ ਸਮਿੰਦਰ ਮੋਮੀ, ਪ੍ਰੈੱਸ ਸਕੱਤਰ ਸਾਬਕਾ ਪ੍ਰਧਾਨ ਗੁਰਦੇਵ ਪਟਵਾਰੀ, ਅਮਨਦੀਪ ਸਿੰਘ, ਦਰਸ਼ਨ ਸਿੰਘ. ਡਾ. ਜਗਤਾਰ ਸਿੰਘ ਲੱਕੀ ਅਰੋੜਾ, ਯੂਥ ਕਾਂਗਰਸੀ ਆਗੂ ਸੁਰਜੀਤ ਅਰੋੜਾ, ਮਹਿੰਦਰ ਅਰੋੜਾ ਅਤੇ ਰਣਜੀਤ ਸਿੰਘ ਅਰੋੜਾ ਆਦਿ ਵੱਲੋਂ ਪਹੁੰਚੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ ਅਤੇ ਡਾ. ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਖੂਨਦਾਨ ਕਰਨ ਵਾਲਿਆਂ ਨੂੰ ਯਾਦਗਾਰੀ ਚਿੰਨ੍ਹ ਤੇ ਸਰਟੀਫਿਕੇਟ ਦਿੱਤੇ ਗਏ, ਮਾਸਟਰ ਬੰਤ ਲਾਲ ਜੀ ਦੇ ਪ੍ਰਵਾਰ ਵੱਲੋਂ ਕਲੱਬ ਨੂੰ 2100 ਰੁਪਏ ਦੀ ਮਾਇਕ ਸਹਾਇਤਾ ਦਿੱਤੀ ਗਈ।

ਸ਼ਹੀਦ ਭਗਤ ਸਿੰਘ ਆਯੂਰਵੈਦਿਕ ਕਾਲਜ ਫਿਰੋਜ਼ਪੁਰ ਦੀਆਂ ਵਿਦਿਆਰਥਣਾਂ ਨੇ ਨਤੀਜਿਆਂ 'ਚ ਬਾਜ਼ੀ ਮਾਰੀ

ਫਿਰੋਜ਼ਪੁਰ, 2 ਦਸੰਬਰ (ਜੀ.ਐੱਸ. ਕਾਲੜਾ)-ਸ਼ਹੀਦ ਭਗਤ ਸਿੰਘ ਆਯੂਰਵੈਦਿਕ ਕਾਲਜ ਸੋਢੇ ਵਾਲਾ ਫਿਰੋਜ਼ਪੁਰ ਦੇ ਪ੍ਰਿੰਸੀਪਲ ਡਾ. ਸੰਜੀਵ ਮਾਨਕਟਾਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਕਾਲਜ ਦਾ ਡੀ. ਫਾਰਮੇਸੀ ਇਨ ਆਯੂਰਵੈਦਿਕ ਦੇ ਪਹਿਲੇ ਸਾਲ ਦਾ ਨਤੀਜਾ ਪੰਜਾਬ ਫੈਕਲਟੀ ਪਟਿਆਲਾ ਵੱਲੋਂ ਐਲਾਨਿਆ ਗਿਆ, ਜਿਸ ਵਿੱਚ ਕਾਲਜ ਦੀ ਵਿਦਿਆਰਥਣ ਅਮਨਦੀਪ ਕੌਰ, ਰੂਬ ਭੱਟੀ ਅਤੇ ਬੇਅੰਤ ਕੌਰ ਨੇ ਲਗਾਤਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਕਾਲਜ ਦੀਆਂ ਵਿਦਿਆਰਥਣਾਂ ਨੂੰ ਹਰ ਤਰ੍ਹਾਂ ਦੀਆਂ ਆਧੁਨਿਕ ਤਕਨੀਕਾਂ ਅਤੇ ਹਰ ਉਪਯੋਗੀ ਇੰਸਟ੍ਰੂਮੈਂਟਰੂਸ ਅਤੇ ਮਾਡਲਜ਼ ਨਾਲ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਐੱਸ.ਬੀ. ਐੱਸ.ਕਾਲਜ ਵਿੱਚ ਡੀ. ਫਾਰਮੇਸੀ ਇਨ ਆਯੂਰਵੈਦਿਕ ਦਾ ਕੋਰਸ ਦੋ ਸਾਲਾਂ ਦਾ ਕਰਵਾਇਆ ਜਾਂਦਾ ਹੈ, ਜਿਸ ਵਿੱਚ ਕਾਲਜ ਮੈਨੇਜਮੇਂਟ ਅਤੇ ਸਟਾਫ ਪੂਰਾ ਸਹਿਯੋਗ ਦੇ ਰਿਹਾ ਹੈ।

ਵਿਕਾਸ ਕਾਰਜ ਕੈਪਟਨ ਸਰਕਾਰ ਸਮੇਂ ਹੀ ਹੋਏ-ਬਲਵਿੰਦਰ, ਮੇਜਰ ਸਿੰਘ

ਤਪਾ ਮੰਡੀ, ਰੂੜੇਕੇ, 2 ਦਸੰਬਰ (ਯਾਦੂ ਭੁੱਲਰ, ਡਾ. ਬਿੰਦੀ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਕਾਂਗਰਸ ਸਰਕਾਰ ਨੇ ਜਿਤਨਾ ਵਿਕਾਸ ਕੀਤਾ ਸੀ, ਓਨਾ ਵਿਕਾਸ ਬਾਦਲ ਨੇ ਆਪਣੇ ਰਾਜਕਾਲ ਦੌਰਾਨ ਨਹੀਂ ਕੀਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਖੀਪਲ ਅਤੇ ਜ਼ਿਲ੍ਹਾ ਜਨਰਲ ਸਕੱਤਰ ਕਿਸਾਨ ਸੈੱਲ ਦੇ ਅਤੇ ਸਾਬਕਾ ਸਰਪੰਚ ਮੇਜਰ ਸਿੰਘ ਰੂੜੇਕੇ ਖੁਰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਪਿੰਡਾਂ ਦਾ ਵਿਕਾਸ ਨਹੀਂ ਹੋਇਆ, ਉਨ੍ਹਾਂ ਦੱਸਿਆ ਕਿ ਸਾਡੀ ਕੇਂਦਰ ਦੀ ਸਰਕਾਰ ਡਾ. ਮਨਮੋਹਨ ਸਿੰਘ ਵੱਲੋਂ ਦਿੱਤੀ ਨਰੇਗਾ ਸਕੀਮ ਦਾ ਜ਼ਿਲ੍ਹਾ ਬਰਨਾਲਾ ਦੇ ਬਹੁਤੇ ਪਿੰਡ ਲਾਭ ਅਜੇ ਤੱਕ ਨਹੀਂ ਲੈ ਸਕੇ। ਜਦਕਿ ਪੰਜਾਬ ਰਾਜ ਤੋਂ ਬਿਨਾਂ ਬਾਹਰਲੇ ਰਾਜਾਂ ਵਿੱਚ ਇਸ ਸਕੀਮ ਤਹਿਤ ਕਰੋੜਾਂ ਰੁਪਏ ਵਰਤੇ ਜਾ ਚੁੱਕੇ ਹਨ, ਪਰ ਬਾਦਲ ਸਰਕਾਰ ਇਸ ਦਾ ਕੁੱਲ 67ਕਰੋੜ ਰੁਪਏ ਦੇ ਲਾਭ ਹੀ ਲੈ ਸਕੀ ਹੈ। ਇਸ ਸਮੇਂ ਉਨ੍ਹਾਂ ਨਾਲ ਮੇਵਾ ਸਿੰਘ, ਯੂਥ ਆਗੂ, ਡਾ. ਗੁਰਮੀਤ ਸਿੰਘ, ਮਹਿੰਦਰਪਾਲ ਸ਼ਰਮਾ ਕਮਿਸ਼ਨ ਏਜੰਟ, ਬਿੰਦਰ ਸਿੰਘ, ਰੂਪਾ ਵੰਤੀ, ਮਹਿੰਦਰ ਸਿੰਘ, ਰੂਪ ਸਿੰਘ, ਹਾਕਮ ਸਿੰਘ, ਬਲਦੇਵ ਸਿੰਘ, ਬਾਦਲ ਸਿੰਘ ਆਦਿ ਹਾਜ਼ਰ ਸਨ।

ਦਲਿਤ ਮਹਾਂ ਪੰਚਾਇਤ ਦੀਆਂ ਤਿਆਰੀਆਂ ਜ਼ੋਰਾਂ 'ਤੇ-ਖੁਸ਼ੀ ਰਾਮ

ਫਿਲੌਰ, 2 ਦਸੰਬਰ (ਰਾਜੇਸ਼ ਪਾਸੀ) - ਅੰਬੇਡਕਰ ਸੈਨਾ ਫਿਲੌਰ ਦੇ ਸਹਿਰੀ ਪ੍ਰਧਾਨ ਸ੍ਰੀ ਖੁਸੀ ਰਾਮ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆ ਦੱਸਿਆ ਕਿ ਅੰਬੇਡਕਰ ਸੈਨਾ (ਰਜਿ) ਪੰਜਾਬ ਵਲੋਂ ਸੂਬਾ ਪ੍ਰਧਾਨ ਸ੍ਰੀ ਅੰਮ੍ਰਿਤਪਾਲ ਭੌਸਲੇ ਦੀ ਪ੍ਰਧਾਨਗੀ ਹੇਠ ਦੇਸ਼ ਦੀਆ ਬਦਲਦੀਆ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਸਥਿਤੀਆ ਉੱਤੇ ਚਿੰਤਨ ਕਰਨ ਲਈ 13 ਦਸੰਬਰ ਦਿਨ ਐਤਵਾਰ ਨੂੰ ਵਿੰਡਸਰ ਪੈਲਸ ਫਗਵਾੜਾ ਵਿਖੇ ਜੋ ਦਲਿਤ ਮਹਾਂ ਪੰਚਾਇਤ ਬੁਲਾਈ ਜਾ ਰਹੀ ਹੈ ਉਸ ਦੀਆ ਤਿਆਰੀਆ ਜੰਗੀ ਪੱਧਰ ਤੇ ਜਾਰੀ ਹਨ। ਉਨ੍ਹਾ ਕਿਹਾ ਕਿ ਸਹਿਰ ਫਿਲੌਰ 'ਚੋ ਵੱਡੀ ਪੱਧਰ ਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਪੈਰੋਕਾਰ ਇਸ ਦਲਿਤ ਮਹਾਂ ਪੰਚਾਇਤ ਵਿੱਚ ਸਿਰਕਤ ਕਰਨਗੇ। ਉਨ੍ਹਾ ਕਿਹਾ ਕਿ ਅੰਬੇਡਕਰ ਸੈਨਾ ਪੰਜਾਬ ਵਲੋਂ ਫਗਵਾੜਾ ਵਿਖੇ ਬੁਲਾਈ ਇਹ ਦਲਿਤ ਮਹਾਂ ਪੰਚਾਇਤ ਦਲਿਤਾ ਲਈ ਮੀਲ ਦਾ ਪੱਧਰ ਸਾਬਿਤ ਹੋਵੇਗੀ ਕਿਉ ਕਿ ਇਸ ਵਿੱਚ ਪੂਰੇ ਭਾਰਤ ਵਰਸ ਚੋ ਮਹਾਨ ਚਿੰਤਨ, ਬੁੱਧੀਜੀਵੀ, ਲੇਖਕ ਭਾਗ ਲੈ ਰਹੇ ਹਨ ਜੋ ਸਾਡੇ ਸਮਾਜ ਨੂੰ ਆ ਰਹੀਆ ਦਰਪੇਸ਼ ਮੁਸਕਲਾ ਬਾਰੇ ਜਾਣਕਾਰੀ ਦਿੰਦੇ ਹੋਏ ਇਨ੍ਹਾ ਮੁਸਕਲਾ ਦੇ ਹੱਲ ਲਈ ਵਿਸਥਾਰ ਨਾਲ ਚਾਨਣਾ ਪਾਉਣਗੇ। ਉਨ੍ਹਾ ਅੰਤ ਵਿੱਚ ਕਿਹਾ ਕਿ ਪੰਜਾਬ ਭਰ ਅੰਦਰ ਇਸ ਦਲਿਤ ਮਹਾਂ ਪੰਚਾਇਤ ਨੂੰ ਲੈ ਕੇ ਖਾਸਾ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਸਹਿਰ ਫਿਲੌਰ 'ਚ ਵੀ ਇਸ ਸੁਭ ਅਵਸਰ ਦੀਆ ਤਿਆਰੀਆ ਬੜੇ ਜੰਗੀ ਪੱਧਰ ਤੇ ਕੀਤੀਆ ਜਾ ਰਹੀਆ ਹਨ। ਇਸ ਮੋਕੇ ਉਨ੍ਹਾ ਨਾਲ ਸ੍ਰੀ ਚੰਦਰ ਸੇਖਰ ਵਾਇਸ ਪ੍ਰਧਾਨ, ਸਤਨਾਮ ਬੰਗੜ, ਰਾਕੇਸ਼ ਮਿਉਵਾਲ, ਹਰਦੇਵ ਮਹਿਮੀ ਹਰੀਪੁਰ, ਸਨਤੋਸ ਨੰਗਲ, ਪ੍ਰੇਮ ਬੰਸੀਆ, ਸੁਖਵਿੰਦਰ ਰਾਮਗੜ, ਰਾਕੇਸ ਕੁਮਾਰ ਆਦਿ ਹਾਜਿਰ ਸਨ।

ਸਵਾਮੀ ਬਾਬਾ ਮੋਹਨ ਦਾਸ ਜੀ ਇਨ੍ਹਾਂ ਦੀ ਬਖ਼ਸ਼ਿਸ਼ ਦੁਆਰਾ ਸੰਤ ਬਾਬਾ ਦਰਸ਼ਨ ਸਿੰਘ ਜੀ ਨੇ ਦਵਾਈਆਂ ਦੀ ਨਿਸ਼ਕਾਮ ਸੇਵਾ ਇਨ੍ਹਾਂ ਤੋਂ ਹਾਸਲ ਕੀਤੀ ਸੀ।

ਸਵਾਮੀ ਬਾਬਾ ਮੋਹਨ ਦਾਸ ਜੀ

ਮੋਬਾ. 98145-42508

ਬਾਬਾ ਦਰਸ਼ਨ ਸਿੰਘ

ਸੰਤ ਬਾਬਾ ਹੀਰਾ ਦਾਸ ਜੀ

ਬਾਬਾ ਦਰਸ਼ਨ ਸਿੰਘ

ਵਿਖੇ ਸੰਤ ਬਾਬਾ ਦਰਸ਼ਨ ਸਿੰਘ ਜੀ ਦੀ ਸਰਪ੍ਰਸਤ ਵਿੱਚ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਜੋੜਾਂ ਦੇ ਦਰਦ, ਚਮੜੀ ਦੇ ਰੋਗ, ਪੇਟ ਦੀਆਂ ਬਿਮਾਰੀਆਂ ਅਤੇ ਛਾਤੀ ਦੇ ਰੋਗ, ਖਾਂਸੀ, ਰੇਸ਼ਾ, ਸਾਹ, ਸ਼ੂਗਰ, ਗਠੀਆ, ਗੰਦੂਦ, ਲੰਕਵਾ, ਦਰੰਗ ਨਾਲ ਮੂੰਹ ਵੀਗਾ ਹੋ ਜਾਣਾ ਗੋਡੇ ਗਿੱਟੇ ਦਰਦ ਹੋਣਾ, ਕੈਂਸਰ, ਹਰਨੀਆਂ, ਪੱਥਰੀ ਆਦਿ ਹੋਰ ਕਈ ਬਿਮਾਰੀਆਂ ਦੇ ਵੀ ਇਲਾਜ ਹੁੰਦੇ ਹਨ।

ਹੀਰਾ ਦਾਸ ਝਿੜੀ ਡੇਰਾ ਸੈਦੇਆਣਾ, ਪਿੰਡ ਡਾਲਾ, ਜ਼ਿਲ੍ਹਾ ਮੋਗਾ

ਮੋਗਾ ਵਿਸ਼ੇਸ਼ ਸਪਲੀਮੈਂਟ

ਗੁਰਸੇਵਕ ਸਿੰਘ ਡਾਂਗੀਆਂ ਤੇ ਸੁਖਜੀਤ ਕੌਰ ਮੋਗਾ

ਧੰਨਵਾਦ



ਮੋਗਾ ਵਿਸ਼ੇਸ਼ ਸਪਲੀਮੈਂਟ ਲਈ ਇਸ਼ਤਿਹਾਰ ਦੇ ਕੇ ਯੋਗਦਾਨ ਪਾਉਣ ਵਾਲੇ ਵਿਸ਼ੇਸ਼ ਵਿਅਕਤੀਆਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਮੈਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ।

- ਪੱਤਰਕਾਰ ਬਲਵਿੰਦਰ ਸਿੰਘ ਕੈਂਥ, ਮੋਗਾ

ਮੋਬਾ. 98883-01072

ਸੰਦੇਸ਼



ਰੋਜ਼ਾਨਾ 'ਅੱਜ ਦੀ ਆਵਾਜ਼' ਵੱਲੋਂ ਮੋਗਾ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਸੀਂ ਲੱਖ-ਲੱਖ ਵਧਾਈ ਦਿੰਦੇ ਹਾਂ। ਪੱਤਕਾਰ ਬਲਵਿੰਦਰ ਸਿੰਘ ਦੀ ਮਿਹਨਤ ਤੇ ਅਸੀਂ ਬਹੁਤ ਪ੍ਰਸੰਨ ਹਾਂ। ਅੱਜ ਦੀ ਆਵਾਜ਼ ਅਖ਼ਬਾਰ ਜੋ ਚੱਲ ਰਿਹਾ ਹੈ ਪੱਤਰਕਾਰਾਂ ਅਤੇ ਪਾਠਕਾਂ ਦਾ ਸਹਿਯੋਗ ਹੈ। ਅਸੀਂ ਐਡੀਟਰ ਸਾਹਿਬ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

-ਬਲਦੇਵ ਸਿੰਘ ਮੈਨੇਜਿੰਗ ਡਾਇਰੈਕਟਰ ਗਲੋਬਲ ਸਕਿਉਰਟੀ ਸਰਵਿਸ ਮੋਗਾ। -ਸ. ਗੁਰਚਰਨ ਸਿੰਘ ਪਿੰਡ ਸੰਧੂਆਣਾ, ਮੋਗਾ।

ਸੰਦੇਸ਼



ਰੋਜ਼ਾਨਾ 'ਅੱਜ ਦੀ ਆਵਾਜ਼' ਵੱਲੋਂ ਮੋਗਾ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਮੈਂ ਲੱਖ-ਲੱਖ ਵਧਾਈ ਦਿੰਦਾ ਹਾਂ। ਪੱਤਕਾਰ ਬਲਵਿੰਦਰ ਸਿੰਘ ਦੀ ਮਿਹਨਤ ਤੇ ਮੈਂ ਬਹੁਤ ਪ੍ਰਸੰਨ ਹਾਂ। ਅੱਜ ਦੀ ਆਵਾਜ਼ ਅਖ਼ਬਾਰ ਜੋ ਚੱਲ ਰਿਹਾ ਹੈ ਪੱਤਰਕਾਰਾਂ ਅਤੇ ਪਾਠਕਾਂ ਦਾ ਸਹਿਯੋਗ ਹੈ। ਮੈਂ ਐਡੀਟਰ ਸਾਹਬ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

-ਸੰਤ ਬਾਬਾ ਦਰਸ਼ਨ ਸਿੰਘ ਜੀ ਹੀਰਾ ਦਾਸ ਝਿੜੀ, ਡਾਲਾ, ਜ਼ਿਲ੍ਹਾ ਮੋਗਾ

ਸੰਦੇਸ਼



ਰੋਜ਼ਾਨਾ 'ਅੱਜ ਦੀ ਆਵਾਜ਼' ਵੱਲੋਂ ਮੋਗਾ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਸੀਂ ਲੱਖ-ਲੱਖ ਵਧਾਈ ਦਿੰਦੇ ਹਾਂ। ਪੱਤਕਾਰ ਬਲਵਿੰਦਰ ਸਿੰਘ ਦੀ ਮਿਹਨਤ ਤੇ ਅਸੀਂ ਬਹੁਤ ਪ੍ਰਸੰਨ ਹਾਂ। ਅੱਜ ਦੀ ਆਵਾਜ਼ ਅਖ਼ਬਾਰ ਜੋ ਚੱਲ ਰਿਹਾ ਹੈ ਪੱਤਰਕਾਰਾਂ ਅਤੇ ਪਾਠਕਾਂ ਦਾ ਸਹਿਯੋਗ ਹੈ। ਅਸੀਂ ਐਡੀਟਰ ਸਾਹਿਬ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

- ਪਵਨ ਭੰਡਾਰੀ ਧਰਮਕੋਟ। - ਤਰਿੰਦਰ ਸਿੰਘ ਭਿੰਡਾ ਮੋਗਾ।

'ਅੱਜ ਦੀ ਆਵਾਜ਼' ਮੋਗਾ ਦੇ ਦਫ਼ਤਰ ਪਹੁੰਚਣ 'ਤੇ ਸੰਤ ਬਾਬਾ ਦਰਸ਼ਨ ਸਿੰਘ ਜੀ ਦਾ ਸਵਾਗਤ ਕਰਦੇ ਹੋਏ ਪੱਤਰਕਾਰ ਬਲਵਿੰਦਰ ਸਿੰਘ ਕੈਂਥ।

ਸੰਦੇਸ਼



ਰੋਜ਼ਾਨਾ 'ਅੱਜ ਦੀ ਆਵਾਜ਼' ਵੱਲੋਂ ਮੋਗਾ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਸੀਂ ਲੱਖ-ਲੱਖ ਵਧਾਈ ਦਿੰਦੇ ਹਾਂ। ਪੱਤਕਾਰ ਬਲਵਿੰਦਰ ਸਿੰਘ ਦੀ ਮਿਹਨਤ ਤੇ ਅਸੀਂ ਬਹੁਤ ਪ੍ਰਸੰਨ ਹਾਂ। ਅੱਜ ਦੀ ਆਵਾਜ਼ ਅਖ਼ਬਾਰ ਜੋ ਚੱਲ ਰਿਹਾ ਹੈ ਪੱਤਰਕਾਰਾਂ ਅਤੇ ਪਾਠਕਾਂ ਦਾ ਸਹਿਯੋਗ ਹੈ। ਅਸੀਂ ਐਡੀਟਰ ਸਾਹਿਬ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

- ਜਗਰੂਪ ਸਿੰਘ ਲੰਗਿਆਣਾ - ਤਰਿੰਦਰ ਸਿੰਘ ਭਿੰਡਾ ਮੋਗਾ।

ਮੈਨੇਜਿੰਗ ਡਾਇਰੈਕਟਰ ਸਰਦਾਰ ਬਲਦੇਵ ਸਿੰਘ
ਮੋਬਾ.: 98141-83073
ਮੋਬਾ.: 99148-31773
98555-04342
98141-43073
97817-03073
97813-84073
98883-01072
ਗਲੋਬਲ ਸਕਿਊਰਿਟੀਜ਼ ਸਰਵਿਸ